8_Dec_Muktsar_5_6.qxd 12/8/2024 10:20 PM Page 1











ਪਿੰਡ ਕਿੱਲਿਆਂਵਾਲੀ ਵਿਖੇ ਡੇਰਾ ਬਾਬਾ ਕਿਸ਼ਨ ਦਾਸ ਵਿਖੇ ਪਿੰਡ ਵਾਸੀਆਂ ਦੇ ਇਕੱਠ ਨੂੰ ਸੰਬੋਧਨ ਕਰਦਾ ਮੁਲਜ਼ਮਾਂ ਵਲੋਂ ਜ਼ਖ਼ਮੀ ਕੀਤਾ ਫ਼ਕੀਰ ਚੰਦ। (ਸੱਜੇ) ਪਿੰਡ ਕਿੱਲਿਆਂਵਾਲੀ ਵਿਖੇ ਮ੍ਰਿਤਕ ਵਿਕਰਮ ਦੇ ਘਰ ਮੂਹਰੇ ਬੈਠੇ ਉਸਦੇ ਪਿਤਾ ਤੇ ਹੋਰ ਪਰਿਵਾਰਕ ਮੈਂਬਰ। ਅਜੀਤ ਤਸਵੀਰਾਂ

# ਘਰੋਂ ਬੁਲਾ ਕੇ ਮਾਰੇ ਨੌਜਵਾਨ ਦਾ ਪਿੰਡ ਵਾਸੀਆਂ ਵਲੋਂ ਅੰਤਿਮ ਸਸਕਾਰ ਨਾ ਕਰਨ ਦਾ ਐਲਾਨ

## ਹੱਤਿਆਕਾਂਡ ਨੂੰ ਪਿੰਡ ਵਾਸੀਆਂ ਨੇ ਨਸ਼ੇ ਦੇ ਵਿਰੋਧ ਦਾ ਸਿੱਟਾ ਦੱਸਿਆ

ਮੰਡੀ ਕਿੱਲਿਆਂਵਾਲੀ, 8 ਦਸੰਬਰ (ਇਕਬਾਲ ਸ਼ਾਂਤ)- ਪਿੰਡ ਕਿੱਲਿਆਂਵਾਲੀ ਵਿਖੇ ਪਰਸੋਂ ਰਾਤ ਘਰੋਂ ਬਾਹਰ ਬੁਲਾ ਕੇ ਕਤਲ ਕੀਤੇ ਨੌਜਵਾਨ ਦੇ ਮਾਮਲੇ ਨੂੰ ਪਿੰਡ ਵਾਸੀਆਂ ਨੇ ਚਿੱਟਾ ਨਸ਼ੇ ਦੇ ਵਿਰੋਧ ਦਾ ਸਿੱਟਾ ਦੱਸਿਆ ਹੈ। ਹੱਤਿਆ ਦੇ 50 ਘੰਟੇ ਮਗਰੋਂ ਮੁਲਜ਼ਮ ਗ੍ਰਿਫ਼ਤਾਰ ਨਾ ਹੋਣ 'ਤੇ ਅੱਜ ਭਾਰੀ ਗਿਣਤੀ ਪਿੰਡ ਵਾਸੀ ਡੇਰਾ ਬਾਬਾ ਕਿਸ਼ਨ ਦਾਸ ਵਿਖੇ ਇਕੱਠੇ ਹੋਏ। ਉਨ੍ਹਾਂ ਮੁਲਜ਼ਮਾਂ ਦੀ ਗ੍ਰਿਫ਼ਤਾਰ ਨਾ ਹੋਣ ਤੱਕ ਮ੍ਰਿਤਕ ਦਾ ਅੰਤਿਮ ਸਸਕਾਰ ਨਾ ਕਰਨ ਦਾ ਐਲਾਨ ਕੀਤਾ ਹੈ। ਪੁਲਿਸ ਨੇ ਮ੍ਰਿਤਕ ਦੀ ਮਾਂ ਦੇ ਬਿਆਨ 'ਤੇ ਅੱਠ ਜਣਿਆਂ ਨੂੰ ਨਾਮਜ਼ਦ ਕਰਕੇ 13 ਜਣਿਆਂ ਖ਼ਿਲਾਫ਼ ਮੁਕੱਦਮਾ ਦਰਜ ਕੀਤਾ ਹੋਇਆ ਹੈ। ਇਸੇ ਦੌਰਾਨ ਪੱਤਰਕਾਰ ਨਾਲ ਗੱਲਬਾਤ ਵਿਚ ਲੋਕਾਂ ਨੇ ਵਿਕਰਮ ਦੀ ਹੱਤਿਆ ਦੀ ਐਫ਼.ਆਈ.ਆਰ ਵਿਚ ਨਸ਼ੇ ਦੇ ਵਿਰੋਧ ਦਾ ਜ਼ਿਕਰ ਨਾ ਕਰਨ 'ਤੇ ਸਖ਼ਤ ਨਾਰਾਜ਼ਗੀ ਜਤਾਈ। ਮ੍ਰਿਤਕ ਦੀ ਮਾਤਾ ਰਾਣੀ ਕੌਰ ਨੇ ਆਖਿਆ ਕਿ ਉਸਦੇ ਲੜਕੇ ਵਿਕਰਮ ਵਲੋਂ ਨਸ਼ਿਆਂ ਦਾ ਵਿਰੋਧ ਕੀਤਾ ਜਾਂਦਾ ਸੀ। ਇਸੇ ਕਰ ਕੇ ਉਸਨੂੰ ਘਰੋਂ ਬਾਹਰ ਬੁਲਾ ਕੇ ਮਾਰ ਦਿੱਤਾ ਗਿਆ। ਘਟਨਾ ਮੌਕੇ ਮ੍ਰਿਤਕ ਦੇ ਬਚਾਅ ਤਹਿਤ ਜ਼ਖ਼ਮੀ ਹੋਏ ਫ਼ਕੀਰ ਚੰਦ ਨੇ ਆਖਿਆ ਕਿ ਪਿੰਡ ਵਿਚਲੇ ਨਸ਼ਾ ਵੇਚਣ ਵਾਲਿਆਂ ਦੀ ਗੈਰ-ਕਾਨੂੰਨੀ ਗਤੀਵਿਧੀਆਂ ਉਨ੍ਹਾਂ ਦੇ ਮੁਹੱਲੇ 'ਚ ਵੱਧ ਰਹੀਆਂ ਸਨ ਜਿਸ ਦਾ ਵਿਕਰਮ ਤੇ ਉਹ ਸਾਰੇ ਲੋਕ ਵਿਰੋਧ ਕਰਦੇ ਸਨ। ਫ਼ਕੀਰ ਨੇ ਦੋਸ਼ ਲਗਾਇਆ ਕਿ ਪੁਲਿਸ ਨੇ ਐਫ਼.ਆਈ.ਆਰ 'ਚ ਨਸ਼ਾ ਤਸਕਰੀ ਦੇ ਵਿਰੋਧ ਦਾ ਕੋਈ ਜ਼ਿਕਰ ਨਹੀਂ ਕੀਤਾ। ਫ਼ਕੀਰ ਚੰਦ ਨੇ ਕਿਹਾ ਕਿ ਮ੍ਰਿਤਕ ਵਿਕਰਮ ਦੇ ਮਾਪੇ ਅਨਪੜ੍ਹ ਹਨ। ਸ਼ਾਇਦ ਇਸੇ ਕਰਕੇ ਕਥਿਤ ਮਨਮਰਜ਼ੀ ਨਾਲ ਬਿਆਨ ਲਿਖ ਦਿੱਤੇ ਗਏ। ਮ੍ਰਿਤਕ ਦੀ ਰਿਹਾਇਸ਼ 'ਤੇ ਮੌਜੂਦ ਮੁਹੱਲਾ ਵਾਸੀਆਂ ਨੇ ਕਿਹਾ ਕਿ ਪੁਲਿਸ ਵਲੋਂ ਕਥਿਤ ਤੌਰ 'ਤੇ ਨਸ਼ੇ ਦੇ ਵਪਾਰੀਆਂ ਨੂੰ ਬਚਾਉਣ ਲਈ ਹੱਤਿਆਕਾਂਡ ਨੂੰ ਆਮ ਰੰਜਿਸ਼ ਤੇ ਜਗਰਾਤੇ ਮੌਕੇ ਲੜਾਈ ਨਾਲ ਜੋੜਿਆ ਜਾ ਰਿਹਾ ਹੈ। ਲੋਕਾਂ ਨੇ ਦੋਸ਼ ਲਗਾਇਆ ਕਿ ਪਿੰਡ ਨਸ਼ਾ ਤਸਕਰੀ ਦਾ ਗੜ੍ਹ ਬਣਿਆ ਹੋਇਆ ਹੈ। ਪਹਿਲਾਂ ਸਿਰਫ਼ ਮੋਬਾਈਲ ਟਾਵਰ ਖੇਤਰ 'ਚ ਨਸ਼ੇ ਵਿਕਦੇ ਸਨ। ਹੁਣ ਨਸ਼ੇ ਗਲੀ-ਗਲੀ ਪੁੱਜ ਚੁੱਕੇ ਹਨ। ਲੋਕਾਂ ਮੁਤਾਬਿਕ ਇੱਥੇ 30-35 ਜਣੇ ਚਿੱਟਾ ਨਸ਼ਾ ਤਸਕਰ 'ਚ ਪ੍ਰਮੁੱਖ ਹਨ। ਹੁਣ 13-14 ਸਾਲਾ ਬੱਚੇ, ਲੜਕੀਆਂ ਤੇ ਔਰਤਾਂ ਵੀ ਸਪਲਾਈ ਚੈਨ ਦਾ ਹਿੱਸਾ ਬਣਾ ਲਏ ਹਨ, ਹੁਣ ਬਾਹਰੋਂ ਨੌਜਵਾਨ 'ਤੇ ਨਸ਼ਾ ਲੈਣ ਆਉਂਦੇ ਹਨ। ਮੁਹੱਲਾ ਵਾਸੀਆਂ ਨੇ ਦਰਜ ਐਫ਼.ਆਈ.ਆਰ 'ਚ ਨਸ਼ਾ ਤਸਕਰੀ ਦੇ ਵਿਰੋਧ ਸੰਬੰਧੀ ਸ਼ਬਦਾਂ ਨੂੰ ਸ਼ਾਮਿਲ ਕਰਨ ਦੀ ਮੰਗ ਕਰਦੇ ਪਿੰਡ ਨੂੰ ਹਕੀਕਤ ਵਿਚ ਨਸ਼ਾ ਮੁਕਤ ਕਰਨ ਦੀ ਮੰਗ ਕੀਤੀ। ਡੇਰੇ 'ਚ ਲੋਕਾਂ ਦੇ ਇਕੱਠੇ ਹੋਣ ਦੀ ਸੂਚਨਾ ਮਿਲਣ 'ਤੇ ਲੰਬੀ ਦੇ ਡੀ.ਐਸ.ਪੀ. ਜਸਪਾਲ ਸਿੰਘ ਅਤੇ ਥਾਣਾ ਲੰਬੀ ਦੇ ਮੁਖੀ ਗੁਰਮੀਤ ਸਿੰਘ ਮੌਕੇ 'ਤੇ ਪੁੱਜੇ। ਉਨ੍ਹਾਂ ਛੇ ਦਿਨਾਂ 'ਚ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਤੇ ਪਿੰਡ ਕਿੱਲਿਆਂਵਾਲੀ ਨੂੰ ਨਸ਼ਾ ਤਸਕਰ ਤੋਂ ਮੁਕਤ ਕਰਨ ਦਾ ਭਰੋਸਾ ਦਿਵਾਇਆ। ਥਾਣਾ ਕਿੱਲਿਆਂਵਾਲੀ ਦੇ ਮੁਖੀ ਗੁਰਦੀਪ ਸਿੰਘ ਨੇ ਕਿਹਾ ਕਿ ਵਾਰਸਾਂ ਦੇ ਬਿਆਨਾਂ 'ਤੇ ਐਫ਼.ਆਈ.ਆਰ ਦਰਜ ਹੋਈ ਹੈ। ਬਿਆਨਾਂ 'ਚ ਨਸ਼ਿਆਂ ਦਾ ਜ਼ਿਕਰ ਹੁੰਦਾ ਤਾਂ ਉਹ ਦਰਜ ਹੋਣਾ ਜਾਣਾ ਸੀ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਦੀ ਭਾਲ ਜਾਰੀ ਹੈ।

# ਪਿੰਡ ਭਾਗਸਰ ਤੋਂ ਚਿੱਬੜਾਂਵਾਲੀ ਨੂੰ ਜਾਣ ਵਾਲੇ ਕੱਚੇ ਰਾਹ 'ਤੇ ਅਜੇ ਤੱਕ ਨਹੀਂ ਬਣੀ ਸੜਕ

ਸ੍ਰੀ ਮੁਕਤਸਰ ਸਾਹਿਬ, 8 ਦਸੰਬਰ (ਸੁਖਪਾਲ ਸਿੰਘ ਢਿੱਲੋਂ)- ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਵੱਡੇ ਪਿੰਡ ਭਾਗਸਰ ਤੋਂ ਚਿੱਬੜਾਂਵਾਲੀ ਨੂੰ ਜਾਣ ਵਾਲਾ ਕੱਚਾ ਰਾਹ ਅਜੇ ਤੱਕ ਪੱਕਾ ਨਹੀਂ ਹੋਇਆ ਤੇ ਸੜਕ ਨਹੀਂ ਬਣੀ। ਹਮੇਸ਼ਾ ਹੀ ਇਸ ਕੱਚੇ ਰਾਹ ਨਾਲ ਵਿਤਕਰਾ ਹੁੰਦਾ ਆਇਆ ਹੈ। ਜਦੋਂਕਿ ਇਹ ਰਸਤਾ ਪੱਕਾ ਕਰਵਾਉਣ ਲਈ ਹਲਕੇ ਦੇ ਹਰ ਛੋਟੇ-ਵੱਡੇ ਲੀਡਰ ਤੋਂ ਲੈ ਕੇ ਮੁੱਖ ਮੰਤਰੀ ਪੰਜਾਬ ਦੇ ਦਰਵਾਜੇ ਤੱਕ ਲੋਕਾਂ ਵਲੋਂ ਆਵਾਜ਼ ਉਠਾਈ ਗਈ ਹੈ। ਵਰਨਣਯੋਗ ਹੈ ਕਿ ਪਿੰਡ ਭਾਗਸਰ ਤੋਂ ਚਿੱਬੜਾਂਵਾਲੀ ਨੂੰ ਜਾਣ ਵਾਲਾ ਇਹ ਕੱਚਾ ਰਾਹ ਲਗਪਗ ਤਿੰਨ ਕੁ ਕਿੱਲੋਮੀਟਰ ਹੈ। ਰਸਤਾ ਚੌੜਾ ਵੀ ਬਹੁਤ ਹੈ ਤੇ ਅਨੇਕਾਂ ਵਾਰ ਖੇਤਾਂ ਨੂੰ ਜਾਣ ਵਾਲੇ ਕਿਸਾਨਾਂ ਨੇ ਇਸ ਰਾਹ 'ਤੇ ਮਿੱਟੀ ਦੀਆਂ ਟਰਾਲੀਆਂ ਪਵਾਈਆਂ ਹਨ ਤੇ ਰਾਹ ਪੱਧਰਾ ਕਰਵਾਇਆ ਹੈ, ਪਰ ਜਦੋਂ ਮੀਂਹ ਪੈ ਜਾਂਦਾ ਹੈ ਤਾਂ ਉਕਤ ਰਸਤਾ ਖ਼ਰਾਬ ਹੋ ਜਾਂਦਾ ਹੈ ਤੇ ਲੰਘਣਾ ਔਖਾ ਹੋ ਜਾਂਦਾ ਹੈ। ਅਨੇਕਾਂ ਕਿਸਾਨਾਂ ਦੇ ਖੇਤਾਂ ਨੂੰ ਜਾਣ ਲਈ ਇਹੋ ਹੀ ਰਸਤਾ ਹੈ।

ਬਿਜਲੀ ਦਾ ਗਰਿੱਡ ਵੀ ਇਸੇ ਕੱਚੇ ਰਾਹ 'ਤੇ ਹੀ ਲੱਗਿਆ ਹੋਇਆ ਹੈ। ਗਰਿੱਡ ਵਿਚ ਜਾਣ ਲਈ ਬਿਜਲੀ ਬੋਰਡ ਦੇ ਮੁਲਾਜ਼ਮਾਂ, ਅਧਿਕਾਰੀਆਂ ਅਤੇ ਪਿੰਡ ਵਾਸੀਆਂ ਨੂੰ ਵੀ ਭਾਰੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਚਿੱਬੜਾਂਵਾਲੀ ਜਾ ਕੇ ਇਹ ਰਸਤਾ ਸ੍ਰੀ ਮੁਕਤਸਰ ਸਾਹਿਬ ਤੋਂ ਵਾਇਆ ਪੰਨੀਵਾਲਾ ਫੱਤਾ ਅਬੋਹਰ ਨੂੰ ਜਾਣ ਵਾਲੀ ਸੜਕ ਨਾਲ ਜੁੜ ਜਾਂਦਾ ਹੈ। ਪਿੰਡ ਭਾਗਸਰ ਵਿਖੇ ਜਿੱਥੇ ਸਿਆਸੀ ਪਹੁੰਚ ਵਾਲੇ ਵਿਅਕਤੀਆਂ ਦੀ ਗਿਣਤੀ ਕਾਫ਼ੀ ਹੈ ਉੱਥੇ ਹੀ ਇਥੋਂ ਦੇ ਵੱਡੇ ਅਫ਼ਸਰਾਂ ਦੀ ਗਿਣਤੀ ਵੀ ਜ਼ਿਅਦਾ ਹੈ ਪਰ ਫ਼ਿਰ ਵੀ ਇਹ ਕੱਚਾ ਰਸਤਾ ਪੱਕਾ ਨਹੀਂ ਹੋ ਰਿਹਾ। ਰਸਤੇ ਤੋਂ ਇਲਾਵਾ ਪਿੰਡ ਭਾਗਸਰ ਤੋਂ ਬੱਲਮਗੜ੍ਹ, ਕੌੜਿਆਂਵਾਲੀ, ਬਧਾਈ ਤੇ ਨੰਦਗੜ੍ਹ ਨੂੰ ਜਾਣ ਵਾਲੇ ਰਾਹ ਵੀ ਕੱਚੇ ਹੀ ਪਏ ਹਨ। ਪਿੰਡ ਵਾਸੀ ਪਰਮਜੀਤ ਸਿੰਘ ਬਰਾੜ, ਸੁਖਪਾਲ ਸਿੰਘ ਗਿੱਲ, ਬੱਬਲਜੀਤ ਸਿੰਘ ਬਰਾੜ, ਪਿਰਤਪਾਲ ਸਿੰਘ ਬਰਾੜ, ਜਥੇਦਾਰ ਬਲਕਾਰ ਸਿੰਘ, ਰਾਜਵੀਰ ਸਿੰਘ ਬਰਾੜ, ਪਰਮਿੰਦਰ ਸਿੰਘ ਬਿੱਟੂ ਬਰਾੜ, ਜਗਦੀਪ ਸਿੰਘ ਦੀਪ ਬਰਾੜ, ਬਲਜੀਤ ਸਿੰਘ ਗਿੱਲ, ਅੰਮ੍ਰਿਤਪਾਲ ਸਿੰਘ ਬਰਾੜ, ਸਰਬਜੀਤ ਸਿੰਘ ਬਰਾੜ, ਮਨਿੰਦਰ ਸਿੰਘ ਬਰਾੜ, ਗੁਰਦੀਪ ਸਿੰਘ ਬਰਾੜ, ਜਸਵਿੰਦਰ ਸਿੰਘ ਬਰਾੜ ਅਤੇ ਰਾਜਵਿੰਦਰ ਸਿੰਘ ਬਰਾੜ ਨੇ ਮੰਗ ਕੀਤੀ ਕਿ ਭਾਗਸਰ ਤੋਂ ਚਿੱਬੜਾਂਵਾਲੀ ਨੂੰ ਜਾਣ ਵਾਲੇ ਕੱਚੇ ਰਾਹ 'ਤੇ ਸੜਕ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਇਸ ਪਿੰਡ ਤੋਂ ਜੋ ਹੋਰਨਾਂ ਪਿੰਡਾਂ ਨੂੰ ਜਾਣ ਵਾਲੇ ਹੋਰ ਰਸਤੇ ਕੱਚੇ ਪਏ ਹਨ, ਉਨ੍ਹਾਂ ਰਸਤਿਆਂ ਨੂੰ ਵੀ ਪੱਕਾ ਕਰਕੇ ਸੜਕਾਂ ਬਣਾਈਆਂ ਜਾਣ।



ਪਿੰਡ ਭਾਗਸਰ ਤੋਂ ਚਿੱਬੜਾਂਵਾਲੀ ਨੂੰ ਜਾਣ ਵਾਲਾ ਕੱਚਾ ਪਿਆ ਰਾਹ। ਤਸਵੀਰ: ਸੁਖਪਾਲ ਸਿੰਘ ਢਿੱਲੋਂ



ਥਾਣਾ ਮੁਖੀ ਦੀਪਿਕਾ ਕੰਬੋਜ ਗੁਰੂਸਰ ਵਿਖੇ ਨਸ਼ਾ ਰੋਕੂ ਨਿਗਰਾਨ ਕਮੇਟੀ ਦੇ ਨਾਲ। ਤਸਵੀਰ: ਸ਼ਿਵਰਾਜ ਸਿੰਘ ਬਰਾੜ

# ਥਾਣਾ ਮੁਖੀ ਦੀਪਿਕਾ ਕੰਬੋਜ ਨੇ ਨਸ਼ਾ ਰੋਕੂ ਨਿਗਰਾਨ ਕਮੇਟੀ ਨਾਲ ਕੀਤੀ ਮੀਟਿੰਗ

ਗਿੱਦੜਬਾਹਾ, 8 ਦਸੰਬਰ (ਸ਼ਿਵਰਾਜ ਸਿੰਘ ਬਰਾੜ)-ਹਲਕੇ ਦੇ ਪਿੰਡ ਗੁਰੂਸਰ ਵਿਖੇ ਬਣੀ ਨਸ਼ਾ ਰੋਕੂ ਨਿਗਰਾਨ ਕਮੇਟੀ ਨਾਲ ਥਾਣਾ ਗਿੱਦੜਬਾਹਾ ਦੀ ਮੁਖੀ ਦੀਪਿਕਾ ਕੰਬੋਜ ਵਲੋਂ ਮੀਟਿੰਗ ਕੀਤੀ ਗਈ। ਥਾਣਾ ਮੁਖੀ ਦੀਪਿਕਾ ਕੰਬੋਜ ਵਲੋਂ ਕਮੇਟੀ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਵਿਚਾਰਾਂ ਕੀਤੀਆਂ ਗਈਆਂ। ਨਸ਼ਾ ਰੋਕੂ ਨਿਗਰਾਨ ਕਮੇਟੀ ਵਲੋਂ ਹਲਕੇ ਵਿਚ ਚਿੱਟੇ ਤੇ ਹੋਰ ਮਾਰੂ ਨਸ਼ਿਆਂ ਤੋਂ ਬਚਾਅ ਬਾਰੇ ਜਾਣਕਾਰੀ ਦਿੱਤੀ ਗਈ। ਦੀਪਿਕਾ ਕੰਬੋਜ ਨੇ ਨਸ਼ਾ ਰੋਕੂ ਨਿਗਰਾਨ ਕਮੇਟੀ ਦੇ ਅਹੁਦੇਦਾਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਪੁਲਿਸ ਵਲੋਂ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀ ਜਾਵੇਗਾ ਅਤੇ ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨਸ਼ਾ ਤਸਕਰਾਂ ਨੂੰ ਤਾੜਨਾ ਕਰਦਿਆਂ ਕਿਹਾ ਕਿ ਇਸ ਤੋਂ ਪਹਿਲਾਂ ਜਿਸ ਨੇ ਵੀ ਨਸ਼ਾ ਵੇਚਣ ਦਾ ਧੰਦਾ ਕੀਤਾ ਹੈ ਉਹ ਹੁਣ ਆਪਣਾ ਇਹ ਧੰਦਾ ਬੰਦ ਕਰ ਦੇਣ ਅਤੇ ਜਾਂ ਫਿਰ ਇਲਾਕਾ ਛੱਡ ਕੇ ਇਥੋਂ ਚਲੇ ਜਾਣ। ਉਨ੍ਹਾਂ ਕਿਹਾ ਕਿ ਜਿਹੜਾ ਨੌਜਵਾਨ ਨਸ਼ਾ ਛੱਡਣਾ ਚਾਹੁੰਦਾ ਹੈ ਤਾਂ ਉਹ ਨਸ਼ਾ ਰੋਕੂ ਨਿਗਰਾਨ ਕਮੇਟੀ ਦੇ ਸਹਿਯੋਗ ਨਾਲ ਉਸ ਦਾ ਇਲਾਜ ਵੀ ਕਰਵਾਉਣਗੇ। ਇਸ ਮੌਕੇ ਸਮਾਜ ਸੇਵੀ ਰਣਜੀਤ ਸਿੰਘ ਗਿੱਲ ਤੋ ਇਲਾਵਾ ਸਮੂਹ ਕਮੇਟੀ ਮੈਂਬਰ ਹਾਜ਼ਰ ਸਨ।



ਦਿਹਾਤੀ ਮਜ਼ਦੂਰ ਸਭਾ ਦੀ ਮੀਟਿੰਗ ਨੂੰ ਸੰਬੋਧਨ ਕਰਦਾ ਹੋਇਆ ਬੁਲਾਰਾ। ਅਜੀਤ ਤਸਵੀਰ

# ਦਿਹਾਤੀ ਮਜ਼ਦੂਰ ਸਭਾ ਦੀ ਮੀਟਿੰਗ

ਸ੍ਰੀ ਮੁਕਤਸਰ ਸਾਹਿਬ, 8 ਦਸੰਬਰ (ਰਣਜੀਤ ਸਿੰਘ ਢਿੱਲੋਂ)- ਦਿਹਾਤੀ ਮਜ਼ਦੂਰ ਸਭਾ ਵਲੋਂ ਪਿੰਡ ਸੀਰਵਾਲੀ ਵਿਚ ਮਨਰੇਗਾ ਕਾਮਿਆਂ ਦੀ ਮੀਟਿੰਗ ਜਗਸੀਰ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ ਵਿਚ ਫ਼ੈਸਲਾ ਕੀਤਾ ਗਿਆ ਕਿ 12 ਦਸੰਬਰ ਨੂੰ ਡੀ.ਸੀ. ਦਫ਼ਤਰ ਸ੍ਰੀ ਮੁਕਤਸਰ ਸਾਹਿਬ ਸਾਹਮਣੇ ਲੱਗ ਰਹੇ ਧਰਨੇ 'ਚ ਵੱਡੀ ਸ਼ਮੂਲੀਅਤ ਕੀਤੀ ਜਾਵੇਗੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਕਮੇਟੀ ਮੈਂਬਰ ਜਰਨੈਲ ਸਿੰਘ ਸੀਰਵਾਲੀ ਨੇ ਕਿਹਾ ਕਿ ਮਜ਼ਦੂਰ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ ਤੇਜ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਨੇ ਮਜ਼ਦੂਰ ਵਰਗ ਅਣਗੌਲਿਆ ਕੀਤਾ ਹੋਇਆ ਹੈ। ਉਨ੍ਹਾ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਮਜ਼ਦੂਰ ਜਥੇਬੰਦੀਆਂ ਨਾਲ ਵਾਰ-ਵਾਰ ਮੀਟਿੰਗਾਂ ਰੱਖੀਆਂ ਗਈਆਂ ਪਰ ਹਰ ਵਾਰ ਮੁੱਖ ਮੰਤਰੀ ਭਗਵੰਤ ਮਾਨ ਮੀਟਿੰਗਾਂ ਵਿਚ ਹਾਜ਼ਰ ਨਹੀਂ ਹੋਏ ਅਤੇ ਮਜ਼ਦੂਰਾਂ ਪ੍ਰਤੀ ਬੇਰੁਖ਼ੀ ਵਾਲਾ ਵਤੀਰਾ ਬਣਾਇਆ ਹੋਇਆ ਹੈ। ਉਨ੍ਹਾਂ ਪੰਜਾਬ ਸਰਕਾਰ ਵਲੋਂ ਕਿਸਾਨਾਂ ਅਤੇ ਬੇਰੁਜ਼ਗਾਰ ਅਧਿਆਪਕਾਂ 'ਤੇ ਲਾਠੀਚਾਰਜ ਦੀ ਵੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ।

# ਅਲੋਪ ਹੋ ਰਹੇ ਰਵਾਇਤੀ ਸਾਜ਼ਾਂ ਨੂੰ ਪ੍ਰਫ਼ੁੱਲਿਤ ਕਰਨ ਦੀ ਲੋੜ- ਬੜੂੰਦੀ

## ਸ੍ਰੀ ਮੁਕਤਸਰ ਸਾਹਿਬ ਵਿਖੇ ਸੱਭਿਆਚਾਰਕ ਖੇਤਰ ਨਾਲ ਜੁੜੀਆਂ ਸ਼ਖ਼ਸੀਅਤਾਂ ਪਹੁੰਚੀਆਂ

ਸ੍ਰੀ ਮੁਕਤਸਰ ਸਾਹਿਬ, 8 ਦਸੰਬਰ (ਰਣਜੀਤ ਸਿੰਘ ਢਿੱਲੋਂ)- ਪੰਜਾਬੀ ਵਿਰਸਾ ਬਹੁਤ ਗੌਰਵਮਈ ਹੈ। ਨੌਜਵਾਨ ਪੀੜ੍ਹੀ ਨੂੰ ਆਪਣੇ ਅਮੀਰ ਵਿਰਸੇ ਨਾਲ ਜੁੜਨਾ ਚਾਹੀਦਾ ਹੈ ਅਤੇ ਪੱਛਮੀ ਸੱਭਿਅਤਾ ਤੋਂ ਬਚਣਾ ਚਾਹੀਦਾ ਹੈ। ਇਹ ਪ੍ਰਗਟਾਵਾ ਸ੍ਰੀ ਮੁਕਤਸਰ ਸਾਹਿਬ ਵਿਖੇ ਪਹੁੰਚੀਆਂ ਸੱਭਿਆਚਾਰਕ ਖੇਤਰ ਨਾਲ ਜੁੜੀਆਂ ਸ਼ਖ਼ਸੀਅਤਾਂ ਬਲਤੇਜ ਸਿੰਘ ਸਰਾਂ ਪੱਖੋਵਾਲ ਪ੍ਰਧਾਨ ਅਮਰ ਚਮਕੀਲਾ-ਅਮਰਜੋਤ ਸੱਭਿਆਚਾਰਕ ਕਲੱਬ, ਗੁਰਮੇਲ ਸਿੰਘ ਮੇਲੀ ਸਿਆੜ (ਲੁਧਿਆਣਾ) ਪ੍ਰਧਾਨ ਦੀਦਾਰ ਸੰਧੂ ਸੱਭਿਆਚਾਰਕ ਮੇਲਾ ਕਮੇਟੀ ਤੇ ਮੰਚ ਸੰਚਾਲਕ, ਜਰਨੈਲ ਸਿੰਘ ਭੋਡੀਪੁਰਾ ਪ੍ਰਧਾਨ ਕਰਤਾਰ ਰਮਲਾ ਯਾਦਗਾਰੀ ਮੇਲਾ ਪ੍ਰਬੰਧਕ ਕਮੇਟੀ ਤੇ ਗੁਰਮੀਤ ਸਿੰਘ ਬੜੂੰਦੀ (ਲੁਧਿਆਣਾ) ਤੂੰਬੀ ਮੇਕਰ ਨੇ ਥਾਣੇਦਾਰ ਗੁਰਮੇਲ ਸਿੰਘ ਭੁੱਟੀਵਾਲਾ ਦੇ ਗ੍ਰਹਿ ਵਿਖੇ 'ਅਜੀਤ' ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪੁਰਾਣੇ ਗਾਇਕਾਂ ਦੇ ਗਾਏ ਅਤੇ ਗੀਤਕਾਰਾਂ ਦੇ ਲਿਖੇ ਲੋਕ ਗੀਤ ਸਦਾ ਬਹਾਰ ਹਨ। ਉਨ੍ਹਾਂ ਗੀਤਾਂ ਵਿਚ ਵੱਖ-ਵੱਖ ਰਿਸ਼ਤਿਆਂ ਦੀ ਬਾਤ ਹੁੰਦੀ ਸੀ, ਜਿਨ੍ਹਾਂ ਨੂੰ ਸੁਣ ਕੇ ਹੁਣ ਵੀ ਸਕੂਨ ਮਿਲਦਾ ਹੈ। ਤੂੰਬੀ ਮੇਕਰ ਗੁਰਮੀਤ ਸਿੰਘ ਬੜੂੰਦੀ ਨੇ ਦੱਸਿਆ ਕਿ ਪ੍ਰਸਿੱਧ ਗਾਇਕ ਮੁਹੰਮਦ ਸਦੀਕ, ਜੱਸੀ ਗੁਰਦਾਸਪੁਰੀਆ, ਜੈਮਨ ਚਮਕੀਲਾ, ਯੁੱਧਵੀਰ ਮਾਣਕ, ਬਿੱਟੂ ਖੰਨੇਵਾਲਾ, ਬਾਬਾ ਨਿਰਮਲ ਤੁਲੀਆ, ਦਲਬੀਰ ਰਾਏ, ਲੱਖੀ ਸਿੱਧੂ, ਕਿੱਕਰ ਡਾਲੇ ਵਾਲਾ, ਚਮਕ ਚਮਕੀਲਾ, ਨਜ਼ੀਰ ਮੁਹੰਮਦ, ਸੁਰੇਸ਼ ਯਮਲਾ ਆਦਿ ਤੂੰਬੀਆਂ ਬਣਵਾ ਕੇ ਲਿਜਾਂਦੇ ਹਨ। ਮਰਹੂਮ ਗਾਇਕ ਸੁਰਿੰਦਰ ਛਿੰਦਾ ਵੀ ਮੇਰੇ ਕੋਲੋਂ ਵਿਸ਼ੇਸ਼ ਤੌਰ 'ਤੇ ਤੂੰਬੀ ਤਿਆਰ ਕਰਵਾਉਂਦੇ ਸਨ। ਉਨ੍ਹਾਂ ਕਿਹਾ ਕਿ ਤੂੰਬੀਆਂ ਤੇ ਤੂੰਬੇ ਤਿਆਰ ਕਰਨ ਦੀ ਮੇਰੇ ਕੋਲ ਵਿਸ਼ੇਸ਼ ਮੁਹਾਰਤ ਹਾਸਿਲ ਹੈ। ਉਨ੍ਹਾਂ ਕਿਹਾ ਕਿ ਅਲੋਪ ਹੋ ਰਹੇ ਰਵਾਇਤੀ ਸਾਜਾਂ ਨੂੰ ਪ੍ਰਫ਼ੁੱਲਿਤ ਕਰਨ ਦੀ ਲੋੜ ਹੈ। ਨੌਜਵਾਨ ਪੀੜ੍ਹੀ ਅਤੇ ਬੱਚਿਆਂ ਨੂੰ ਪੁਰਾਣੇ ਰਵਾਇਤੀ ਸਾਜ਼ਾਂ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ। ਉਪਰੰਤ ਇਨ੍ਹਾਂ ਸੱਭਿਆਚਾਰਕ ਸ਼ਖ਼ਸੀਅਤਾਂ ਨੇ ਗੁਰਦੁਆਰਾ ਟੁੱਟੀ ਗੰਢੀ ਸਾਹਿਬ, ਗੁਰਦੁਆਰਾ ਟਿੱਬੀ ਸਾਹਿਬ, ਗੁਰਦੁਆਰਾ ਦਾਤਨਸਰ ਸਾਹਿਬ ਵਿਖੇ ਮੱਥਾ ਟੇਕਿਆ। ਇਸ ਮੌਕੇ ਥਾਣੇਦਾਰ ਗੁਰਮੇਲ ਸਿੰਘ ਢਿੱਲੋਂ, ਸਰਬਜੀਤ ਸਿੰਘ ਢਿੱਲੋਂ, ਅਫ਼ਤਾਬ ਸਿੰਘ ਢਿੱਲੋਂ ਆਦਿ ਹਾਜ਼ਰ ਸਨ।



ਸ੍ਰੀ ਮੁਕਤਸਰ ਸਾਹਿਬ ਵਿਖੇ ਰਵਾਇਤੀ ਸਾਜ਼ ਤੂੰਬੀ ਬਾਰੇ ਜਾਣਕਾਰੀ ਦਿੰਦਾ ਹੋਇਆ ਤੂੰਬੀ ਮੇਕਰ ਗੁਰਮੀਤ ਸਿੰਘ ਬੜੂੰਦੀ, ਨਾਲ ਹੋਰ ਸੱਭਿਆਚਾਰਕ ਸ਼ਖ਼ਸੀਅਤਾਂ। ਤਸਵੀਰ: ਰਣਜੀਤ ਸਿੰਘ ਢਿੱਲੋਂ ਭੁੱਟੀਵਾਲਾ

# ਪਿੰਡ ਦੌਲਾ ਦੇ ਸਰਪੰਚ ਤੇ ਪੰਚਾਂ ਸਮੇਤ 14 ਪਿੰਡਾਂ ਦੇ ਪੰਚਾਂ ਦੀ ਦੁਬਾਰਾ ਚੋਣ 15 ਦਸੰਬਰ ਨੂੰ

ਗਿੱਦੜਬਾਹਾ, 8 ਦਸੰਬਰ (ਪਰਮਜੀਤ ਸਿੰਘ ਥੇੜ੍ਹੀ)- ਪੰਜਾਬ ਵਿਚ ਹੋਈਆਂ ਪੰਚਾਇਤੀ ਚੋਣਾਂ ਦੌਰਾਨ ਗਿੱਦੜਬਾਹਾ ਹਲਕੇ ਦੇ ਕਈ ਪਿੰਡਾਂ ਵਿਚ ਆਪਣੇ ਨਾਮਜ਼ਦਗੀ ਕਾਗਜ਼ਾਂ ਨੂੰ ਲੈ ਕੇ ਖੜ੍ਹੇ ਹੋਏ ਉਮੀਦਵਾਰਾਂ ਵਲੋਂ ਪਾਈਆਂ ਗਈਆਂ ਚੋਣ ਪਟੀਸ਼ਨਾਂ 'ਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਇਕ ਵਾਰ ਇਨ੍ਹਾਂ ਚੋਣਾਂ 'ਤੇ ਰੋਕ ਲਗਾ ਦਿੱਤੀ ਸੀ ਜਦੋਂ ਕਿ ਤੀਸਰੇ ਦਿਨ ਹੀ ਪਈ ਅਗਲੀ ਤਰੀਕ 'ਤੇ ਹਾਈਕੋਰਟ ਨੇ ਇਹ ਰੋਕ ਖਤਮ ਕਰਕੇ ਦੁਬਾਰਾ ਚੋਣਾਂ ਨੂੰ ਲੈ ਕੇ ਚੋਣ ਕਮਿਸ਼ਨ ਨੂੰ ਹੀ ਹਦਾਇਤ ਕੀਤੀ ਗਈ ਸੀ ਕਿ ਇਸ ਸਬੰਧੀ ਉਹ ਸਹੀ ਫ਼ੈਸਲਾ ਲੈ ਸਕਦੇ ਹਨ। ਹੁਣ ਚੋਣ ਕਮਿਸ਼ਨ ਦੀਆਂ ਹਦਾਇਤਾਂ 'ਤੇ ਇਨ੍ਹਾਂ ਪਿੰਡਾਂ ਵਿਚ ਦੁਬਾਰਾ ਪੰਚਾਇਤੀ ਚੋਣਾਂ ਕਰਵਾਉਣ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ। ਜ਼ਿਲ੍ਹਾ ਚੋਣ ਅਫਸਰ ਵਲੋਂ 7 ਦਸੰਬਰ ਦੇ ਨਵੇਂ ਨੋਟੀਫਿਕੇਸਨ ਅਨੁਸਾਰ ਹੁਣ 15 ਦਸੰਬਰ 2024 ਨੂੰ ਕਈ ਪਿੰਡਾਂ ਵਿਚ ਦੁਬਾਰਾ ਪੰਚਾਇਤੀ ਚੋਣਾਂ ਕਰਵਾਈਆਂ ਜਾ ਰਹੀਆਂ ਹਨ। ਪਿੰਡ ਦੌਲਾ ਦੇ ਸਰਪੰਚ ਦੀ ਤੇ ਬਾਕੀ ਪੰਚਾਂ ਦੀ ਚੋਣ ਦੁਬਾਰਾ ਕਰਵਾਈ ਜਾ ਰਹੀ ਹੈ। ਜਦੋਂ ਕਿ ਬਾਕੀ ਪਿੰਡਾਂ ਜਿਨ੍ਹਾਂ ਵਿਚ ਆਸਾ ਬੁੱਟਰ, ਦਾਦੂ ਮਹਲਾ ਮੱਲਨ, ਖਿੜਕੀਆਂ ਵਾਲਾ, ਵਾੜਾ ਕਿਸ਼ਨਪੁਰਾ, ਬੁੱਟਰ ਸ਼ਰੀਂਹ, ਭਾਰੂ, ਕੋਠੇ ਹਿੰਮਤਪੁਰਾ, ਭੂੰਦੜ, ਲੁੰਡੇ ਵਾਲਾ, ਮਣੀਆਂ ਵਾਲਾ, ਸ਼ੇਖ, ਖੁੰਨਣ ਖੁਰਦ ਤੇ ਬੁੱਟਰ ਬਖੂਹਾ ਦੇ ਪੰਚਾਂ ਦੀ ਚੋਣ ਕਰਵਾਈ ਜਾ ਰਹੀ ਹੈ। ਜ਼ਿਲ੍ਹਾ ਚੋਣ ਅਫਸਰ ਵਲੋਂ ਗਿੱਦੜਬਾਹਾ ਦੇ ਉਪ ਪੁਲਿਸ ਕਪਤਾਨ ਅਵਤਾਰ ਸਿੰਘ ਰਾਜਪਾਲ ਨੂੰ ਵੀ ਇਨ੍ਹਾਂ ਪਿੰਡਾਂ ਵਿਚ ਚੋਣਾਂ ਪ੍ਰਤੀ ਕਾਨੂੰਨ ਵਿਵਸਥਾ ਦੀ ਸਥਿਤੀ ਸਬੰਧੀ ਪੱਤਰ ਜਾਰੀ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਹੁਣ ਇਨ੍ਹਾਂ ਪਿੰਡਾਂ ਵਿਚ ਮਿਤੀ 7 ਦਸੰਬਰ ਤੋਂ ਲੈ ਕੇ 16 ਦਸੰਬਰ ਤੱਕ ਚੋਣ ਜ਼ਾਬਤਾ ਵੀ ਲੱਗਿਆ ਰਹੇਗਾ।



ਸਿਹਤ ਵਿਭਾਗ ਦੇ ਮੁਲਾਜ਼ਮ ਇਕ ਬੱਚੇ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਉਂਦੇ ਹੋਏ। ਤਸਵੀਰ: ਸੁਖਪਾਲ ਸਿੰਘ ਢਿੱਲੋਂ



ਬੱਚੇ ਨੂੰ ਪਹਿਲੀ ਬੂੰਦ ਪਿਲਾ ਕੇ ਕੈਂਪ ਦਾ ਉਦਘਾਟਨ ਕਰਦੇ ਹੋਏ ਕਲੱਬ ਪ੍ਰਧਾਨ ਰਮਨਜੀਤ ਸਿੰਘ ਸੰਧੂ, ਨਾਲ ਡਾਕਟਰ ਵਿਜੇ ਸੁਖੀਜਾ ਅਤੇ ਹੋਰ ਮੈਂਬਰ।



ਪਿੰਡ ਥਰਾਜਵਾਲਾ ਵਿਖੇ ਬੱਚੇ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਉਂਦੇ ਹੋਏ ਏ. ਐਨ. ਐਮ. ਪਰਮਜੀਤ ਕੌਰ ਅਤੇ ਆਂਗਣਵਾੜੀ ਵਰਕਰ ਕਾਂਤਾ ਦੇਵੀ। ਤਸਵੀਰ ਤੇ ਵੇਰਵਾ: ਸ਼ਿਵਰਾਜ ਸਿੰਘ ਬਰਾੜ

# ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾ ਕੇ ਕੀਤੀ ਮੁਹਿੰਮ ਦੀ ਸ਼ੁਰੂਆਤ

ਸ੍ਰੀ ਮੁਕਤਸਰ ਸਾਹਿਬ, 8 ਦਸੰਬਰ (ਸੁਖਪਾਲ ਸਿੰਘ ਢਿੱਲੋਂ)- ਸੀ.ਐਚ.ਸੀ. ਚੱਕ ਸ਼ੇਰੇਵਾਲਾ ਵਿਖੇ ਰਾਸ਼ਟਰੀ ਪਲਸ ਪੋਲੀਓ ਮੁਹਿੰਮ ਦੀ ਸ਼ੁਰੂਆਤ ਐੱਸ.ਐੱਮ.ਓ. ਡਾ. ਕੁਲਤਾਰ ਸਿੰਘ ਨੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾ ਕੇ ਕੀਤੀ। ਉਨ੍ਹਾਂ ਦੱਸਿਆ ਕਿ ਤਿੰਨ ਦਿਨ ਚੱਲਣ ਵਾਲੀ ਇਸ ਮੁਹਿੰਮ ਦੌਰਾਨ ਅੱਜ ਪਹਿਲੇ ਦਿਨ ਬਲਾਕ ਦੇ ਵੱਖ-ਵੱਖ ਪਿੰਡਾਂ ਵਿਖੇ ਲਗਪਗ 103 ਬੂਥ ਲਗਾਏ ਗਏ ਹਨ। ਜਿਹੜੇ 5 ਸਾਲ ਤੱਕ ਦੇ ਬੱਚੇ ਅੱਜ ਪੋਲੀਓ ਰੋਕੂ ਬੂੰਦਾਂ ਪੀਣ ਤੋਂ ਵਾਂਝੇ ਰਹਿ ਗਏ, ਉਨ੍ਹਾਂ ਨੂੰ ਅਗਲੇ ਦੋ ਦਿਨਾਂ ਵਿਚ ਘਰ-ਘਰ ਜਾ ਕੇ ਸਿਹਤ ਵਿਭਾਗ ਦੀਆਂ ਟੀਮਾਂ ਵਲੋਂ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾਣਗੀਆਂ। ਨੋਡਲ ਅਫ਼ਸਰ ਡਾ. ਜਤਿੰਦਰ ਪਾਲ ਸਿੰਘ ਅਤੇ ਬੀ.ਈ.ਈ. ਮਨਬੀਰ ਸਿੰਘ ਨੇ ਦੱਸਿਆ ਕਿ ਮੁਹਿੰਮ ਦੇ ਪਹਿਲੇ ਦਿਨ ਲਗਪਗ 7400 ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਆਈਆਂ ਗਈਆਂ। ਮੁਹਿੰਮ ਦੌਰਾਨ ਝੁੱਗੀ-ਝੌਂਪੜੀਆਂ, ਬਸਤੀਆਂ, ਢਾਣੀਆਂ, ਟੱਪਰੀਵਾਸਾਂ, ਪੱਥੇਰਾਂ, ਉਦਯੋਗਿਕ ਇਕਾਈਆਂ 'ਚ ਰਹਿੰਦੇ ਪਰਿਵਾਰਾਂ ਦੇ 5 ਸਾਲ ਤੱਕ ਦੇ ਬੱਚਿਆਂ ਨੂੰ 12 ਮੋਬਾਈਲ ਟੀਮਾਂ ਵਲੋਂ ਪੋਲੀਓ ਬੂੰਦਾਂ ਪਿਲਾਈਆਂ ਜਾ ਰਹੀਆਂ ਹਨ। ਇਸ ਮੁਹਿੰਮ ਵਿਚ ਸਿਹਤ ਵਿਭਾਗ ਦੇ ਮੁਲਾਜ਼ਮਾਂ ਤੋਂ ਇਲਾਵਾ ਪੋਲੀਓ ਟੀਮ 'ਚ ਆਸ਼ਾ ਵਰਕਰ, ਆਂਗਣਵਾੜੀ ਵਰਕਰ, ਵਲੰਟੀਅਰਾਂ ਤੇ ਸਮਾਜ ਸੇਵੀ ਸੰਸਥਾਵਾਂ ਦੇ ਵਰਕਰਾਂ ਵਲੋਂ ਵੀ ਪੂਰਾ ਸਹਿਯੋਗ ਕੀਤਾ ਜਾ ਰਿਹਾ ਹੈ। ਇਸ ਕੰਮ ਲਈ 30 ਸੁਪਰਵਾਈਜ਼ਰ ਵੀ ਲਗਾਏ ਗਏ ਹਨ।



ਸ੍ਰੀ ਮੁਕਤਸਰ ਸਾਹਿਬ ਵਿਖੇ ਪਲਸ ਪੋਲੀਓ ਮੁਹਿੰਮ ਦੌਰਾਨ ਨਿੱਕੇ ਬੱਚੇ ਨੂੰ ਪੋਲੀਓ ਰੋਕੂ ਬੂੰਦਾਂ ਪਿਲਾ ਰਹੀ ਆਸ਼ਾ ਵਰਕਰ ਰਾਜਵਿੰਦਰ ਕੌਰ ਅਤੇ ਮੈਡੀਕਲ ਦੀਆਂ ਵਿਦਿਆਰਥਣਾਂ। ਤਸਵੀਰ ਤੇ ਵੇਰਵਾ: ਸੁਖਪਾਲ ਸਿੰਘ ਢਿੱਲੋਂ



ਸਿਵਲ ਸਰਜਨ ਡਾ. ਜਗਦੀਪ ਚਾਵਲਾ ਹੈਲਥ ਐਂਡ ਵੈਲਨੈੱਸ ਸੈਂਟਰ ਅਬੁੱਲਖੁਰਾਣਾ ਤੋਂ ਪਲਸ ਪੋਲੀਓ ਮੁਹਿੰਮ ਦੇ ਸਬ ਨੈਸ਼ਨਲ ਰਾਊਂਡ ਦੀ ਸ਼ੁਰੂਆਤ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾ ਕੇ ਕਰਦੇ ਹੋਏ। ਤਸਵੀਰ: ਮੇਵਾ ਸਿੰਘ

# ਲਾਇਨਜ਼ ਕਲੱਬ ਮੁਕਤਸਰ ਆਜ਼ਾਦ ਨੇ ਪਲਸ ਪੋਲੀਓ ਕੈਂਪ ਲਗਾਇਆ

ਸ੍ਰੀ ਮੁਕਤਸਰ ਸਾਹਿਬ, 8 ਦਸੰਬਰ (ਰਣਜੀਤ ਸਿੰਘ ਢਿੱਲੋਂ)-ਸਿਵਲ ਸਰਜਨ ਡਾ. ਜਗਦੀਪ ਚਾਵਲਾ ਦੀ ਰਹਿਨੁਮਾਈ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਰਾਹੁਲ ਜਿੰਦਲ ਦੀ ਅਗਵਾਈ ਹੇਠ ਲਾਇਨਜ਼ ਕਲੱਬ ਮੁਕਤਸਰ ਆਜ਼ਾਦ ਵਲੋਂ ਡਾ. ਵਿਜੈ ਹਸਪਤਾਲ ਤੇ ਐਕੂਪ੍ਰੈਸ਼ਰ ਸੈਂਟਰ ਬੂੜਾ ਗੁੱਜਰ ਰੋਡ ਵਿਖੇ ਪਲਸ ਪੋਲੀਓ ਮੁਹਿੰਮ ਤਹਿਤ ਕਲੱਬ ਦੇ ਪ੍ਰਧਾਨ ਰਮਨਜੀਤ ਸਿੰਘ ਸੰਧੂ ਵਲੋਂ ਬੱਚੇ ਨੂੰ ਪਹਿਲੀ ਬੂੰਦ ਪਿਲਾ ਕੇ ਇਸ ਕੈਂਪ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਕੈਂਪ ਇੰਚਾਰਜ ਡਾ. ਵਿਜੇ ਸੁਖੀਜਾ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪੰਜ ਸਾਲ ਦੇ ਬੱਚੇ ਨੂੰ ਪੋਲੀਓ ਬੂਥ 'ਤੇ ਲੈ ਕੇ ਆਉਣ ਅਤੇ ਪੋਲੀਓ ਦੀਆਂ ਬੂੰਦਾਂ ਜ਼ਰੂਰ ਪਿਲਾਉਣ। ਪ੍ਰਧਾਨ ਰਮਨਜੀਤ ਸਿੰਘ ਸੰਧੂ ਨੇ ਕਿਹਾ ਕਿ ਕਲੱਬ ਪ੍ਰਸ਼ਾਸਨ ਦੇ ਸਮਾਜ ਭਲਾਈ ਦੇ ਕੰਮਾਂ ਵਿਚ ਹਰ ਤਰ੍ਹਾਂ ਦੇ ਸਹਿਯੋਗ ਲਈ ਹਮੇਸ਼ਾ ਤਿਆਰ ਹੈ। ਇਸ ਮੌਕੇ ਸਕੱਤਰ ਡਾ. ਵਿਜੇ ਸੁਖੀਜਾ, ਮੀਤ ਪ੍ਰਧਾਨ ਅਰੁਣ ਮਿੱਤਲ, ਬੂਟਾ ਰਾਮ ਕਮਰਾ, ਆਸ਼ਾ ਵਰਕਰ ਸੁਖਵਿੰਦਰ ਕੌਰ, ਹਰਮਨਜੋਤ, ਕਮਲਪ੍ਰੀਤ, ਸਰਬਜੀਤ, ਸੋਨੂੰ, ਮਨਜਿੰਦਰ ਸਿੰਘ ਹਾਜ਼ਰ ਸਨ।

# ਸਿਵਲ ਸਰਜਨ ਨੇ ਪਲਸ ਪੋਲੀਓ ਮੁਹਿੰਮ ਦੀ ਸ਼ੁਰੂਆਤ ਕੀਤੀ

ਲੰਬੀ, 8 ਦਸੰਬਰ (ਮੇਵਾ ਸਿੰਘ)- ਪਲਸ ਪੋਲੀਓ ਮੁਹਿੰਮ ਦੇ ਸਬ ਨੈਸ਼ਨਲ ਰਾਊਂਡ ਦੀ ਸ਼ੁਰੂਆਤ ਸਿਵਲ ਸਰਜਨ ਡਾ. ਜਗਦੀਪ ਚਾਵਲਾ ਵਲੋਂ ਬੱਚਿਆਂ ਨੂੰ ਪੋਲੀਓ ਦੀਆਂ ਬੂੰਦਾਂ ਪਿਲਾ ਕੇ ਬਲਾਕ ਲੰਬੀ ਅਧੀਨ ਆਉਂਦੇ ਹੈਲਥ ਐਂਡ ਵੈਲਨੈੱਸ ਸੈਂਟਰ ਅਬੁੱਲਖੁਰਾਣਾ ਤੋਂ ਕੀਤੀ ਗਈ। ਡਾ. ਜਗਦੀਪ ਚਾਵਲਾ ਨੇ ਦੱਸਿਆ ਕਿ ਪਲਸ ਪੋਲੀਓ ਦਾ ਸਬ ਨੈਸ਼ਨਲ ਰਾਊਂਡ ਜੋ ਕਿ 12 ਜ਼ਿਲ੍ਹਿਆਂ ਵਿਚ ਹੋ ਰਿਹਾ ਹੈ। ਪਹਿਲੇ ਦਿਨ ਸਿਹਤ ਵਿਭਾਗ ਦੀਆਂ ਟੀਮਾਂ ਪੋਲੀਓ ਬੂਥਾਂ 'ਤੇ 5 ਸਾਲ ਦੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਉਣਗੀਆਂ। ਦੂਜੇ ਤੇ ਤੀਜੇ ਦਿਨ ਟੀਮਾਂ ਵਲੋਂ ਘਰ-ਘਰ ਜਾ ਕੇ ਸਾਰੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾਣਗੀਆਂ। ਇਸ ਤੋਂ ਬਿਨਾਂ ਸਿਹਤ ਵਿਭਾਗ ਵਲੋਂ ਬੱਸ ਸਟੈਂਡ, ਰੇਲਵੇ ਸਟੇਸ਼ਨ, ਭੱਠੇ, ਝੁੱਗੀਆਂ, ਨਿਰਮਾਣ ਅਧੀਨ ਇਮਾਰਤਾਂ, ਪਥੇਰਾਂ ਆਦਿ 'ਤੇ ਸਾਰੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾਣਗੀਆਂ। ਇਸ ਸਮੇਂ ਸੀਨੀਅਰ ਮੈਡੀਕਲ ਅਫ਼ਸਰ ਸੀ.ਐਚ.ਸੀ. ਲੰਬੀ ਡਾ. ਹਰਿੰਦਰਪਾਲ ਸਿੰਘ ਨੇ ਦੱਸਿਆ ਕਿ ਬਲਾਕ ਲੰਬੀ ਦੇ 71 ਬੂਥਾਂ, ਦੋ ਟਰਾਂਜ਼ਿਟ ਬੂਥ ਤੇ ਇਕ ਮੋਬਾਈਲ ਟੀਮ ਵਲੋਂ ਸਾਰੇ ਬੱਚਿਆਂ ਨੂੰ ਕਵਰ ਕੀਤਾ ਜਾਵੇਗਾ। ਇਸ ਸਮੇਂ ਡਾ. ਬਿਕਰਮਜੀਤ ਸਿੰਘ, ਡਾ. ਸ਼ਕਤੀਪਾਲ, ਮਜਵੰਤ ਕੌਰ ਬੀ.ਈ.ਈ., ਸਰਬਜੀਤ ਕੌਰ ਐੱਲ.ਐੱਚ.ਵੀ., ਪ੍ਰਿਤਪਾਲ ਸਿੰਘ ਸਿਹਤ ਸੁਪਰਵਾਈਜ਼ਰ, ਰਮਨਦੀਪ ਸਿੰਘ ਮ.ਪ.ਹ.ਵ. ਮੇਲ, ਰਾਜਪ੍ਰੀਤ ਕੌਰ ਏ.ਐੱਨ.ਐੱਮ., ਰਣਜੀਤ ਸਿੰਘ ਸਿਹਤ ਸੁਪਰਵਾਈਜ਼ਰ ਤੋਂ ਇਲਾਵਾ ਆਸ਼ਾ ਵਰਕਰ ਮੌਜੂਦ ਸਨ।

# ਅੱਜ ਹੋਣਗੇ ਬਾਸਕਟਬਾਲ ਤੇ ਤਾਈਕਵਾਂਡੋ ਦੇ ਸੂਬਾ ਪੱਧਰੀ ਮੁਕਾਬਲੇ

ਫ਼ਰੀਦਕੋਟ, 8 ਦਸੰਬਰ (ਸਟਾਫ਼ ਰਿਪੋਰਟਰ)-ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀਆਂ ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ 3 ਤਹਿਤ ਬਾਸਕਿਟ ਬਾਲ ਅਤੇ ਤਾਈਕਵਾਂਡੋ ਖੇਡਾਂ ਦੇ ਰਾਜ ਪੱਧਰੀ ਮੁਕਾਬਲੇ ਨਹਿਰੂ ਸਟੇਡੀਅਮ ਫ਼ਰੀਦਕੋਟ ਵਿਖੇ ਅੱਜ ਸ਼ੁਰੂ ਹੋਣਗੇ। ਜਿਸ ਵਿਚ ਵਿਧਾਇਕ ਫ਼ਰੀਦਕੋਟ ਗੁਰਦਿੱਤ ਸਿੰਘ ਸੇਖੋਂ ਮੁੱਖ ਮਹਿਮਾਨ ਅਤੇ ਅੰਤਰ ਰਾਸ਼ਟਰੀ ਬਾਸਕਿਟਬਾਲ ਖਿਡਾਰੀ ਪਾਲਪ੍ਰੀਤ ਸਿੰਘ ਬਰਾੜ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਵਿਨੀਤ ਕੁਮਾਰ ਨੇ ਦਿੱਤੀ। ਜ਼ਿਲ੍ਹਾ ਖੇਡ ਅਫ਼ਸਰ ਬਲਜਿੰਦਰ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਫ਼ਰੀਦਕੋਟ ਵਿਖੇ ਬਾਸਕਿਟ ਬਾਲ ਅਤੇ ਤਾਈਕਵਾਂਡੋ ਖੇਡਾਂ ਦੀ ਰਾਜ ਪੱਧਰੀ ਮੁਕਾਬਲੇ 9 ਦਸੰਬਰ ਸਵੇਰੇ 11 ਵਜੇ ਨਹਿਰੂ ਸਟੇਡੀਅਮ ਵਿਖੇ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਡਾਂ ਵਿਚ ਅੰਡਰ-14, ਅੰਡਰ-17, ਅੰਡਰ-21, ਅੰਡਰ-21-30 ਅਤੇ ਅੰਡਰ-30-40 ਸਾਲ ਉਮਰ ਵਰਗ ਦੇ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਖੇਡਾਂ ਸਬੰਧੀ ਸਾਰੀਆਂ ਤਿਆਰੀ ਮੁਕੰਮਲ ਹਨ ਅਤੇ ਖਿਡਾਰੀਆਂ ਨੂੰ ਕਿਸੇ ਕਿਸਮ ਦੀ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।